# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਯੋਜਨਾ ਅਤੇ ਭੂਮੀ ਸ਼ਾਖਾ
## ਵਿਕਾਸ ਬਿਊਰੋ

ਵਿਕਾਸ ਬਿਊਰੋ (DEVB(PLB)) ਦੀ ਯੋਜਨਾ ਅਤੇ ਭੂਮੀ ਸ਼ਾਖਾ ਯੋਜਨਾ, ਵਿਕਾਸ, ਭੂਮੀ ਦੀ ਵਰਤੋਂ ਅਤੇ ਸਪਲਾਈ, ਭੂਮੀ ਪ੍ਰਸ਼ਾਸਨ, ਜ਼ਮੀਨ ਰਜਿਸਟਰੀਕਰਣ, ਸ਼ਹਿਰੀ ਨਵੀਨੀਕਰਣ ਅਤੇ ਇਮਾਰਤ ਸੁਰੱਖਿਆ ਲਈ ਨੀਤੀਆਂ ਲਈ ਜ਼ਿੰਮੇਵਾਰ ਹੈ। ਇਹ ਬਿਊਰੋ ਦੁਆਰਾ ਮੁਹੱਈਆ ਕਰਵਾਈ ਗਈ ਸਰਕਾਰੀ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਜਾਤੀ ਦੀ ਘੱਟ ਗਿਣਤੀ ਵਾਲਿਆਂ ਨੂੰ ਸਮਰੱਥ ਬਣਾਉਣ ਵਿੱਚ ਬਹੁੱਤ ਮਹੱਤਵ ਦਿੰਦੀ ਹੈ। ਜਾਤੀ ਦੇ ਘੱਟ ਗਿਣਤੀਆਂ ਵਾਲਿਆਂ ਲਈ ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਅਤੇ ਸਾਡੀ ਕਮਿਊਨਿਟੀ ਸੇਵਾਵਾਂ ਲਈ ਬਰਾਬਰ ਪਹੁੰਚ ਨੂੰ ਲਾਗੂ ਕਰਨ ਲਈ ਉਪਾਅ।

### A. ਜਨਤਕ ਪੁੱਛਗਿੱਛ ਸੇਵਾ

| | |
|---|---|
| ਸੰਬੰਧਿਤ ਸੇਵਾਵਾਂ | • ਲੋਕ DEVB(PLB) ਬਾਰੇ ਜਾਣਕਾਰੀ ਟੈਲੀਫੋਨ ਪੁੱਛਗਿੱਛ, ਈਮੇਲ ਅਤੇ ਜਾਣਕਾਰੀ ਤੱਕ ਪਹੁੰਚ ਦੇ ਤਹਿਤ ਕੋਡ ਦੀ ਬੇਨਤੀ ਰਾਹੀਂ ਪ੍ਰਾਪਤ ਕਰ ਸਕਦੇ ਹਨ। ਇਹ ਸੁਨਿਸ਼ਚਿਤ ਕਰਨ ਲਈ ਕਿ ਪੁੱਛਗਿੱਛ ਸੇਵਾ ਉਹਨਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੁਆਰਾ ਅਸਾਨੀ ਨਾਲ ਪਹੁੰਚ ਕੀਤੀ ਜਾ ਸਕੇ, ਸੇਵਾ ਦੇ ਪ੍ਰਬੰਧ ਵਿੱਚ ਭਾਸ਼ਾ ਦੀ ਰੁਕਾਵਟ ਨੂੰ ਦੂਰ ਕਰਨ ਲਈ ਉਪਾਅ ਕੀਤੇ ਗਏ ਹਨ। |
| ਮੌਜੂਦਾ ਉਪਾਅ | • ਜਿੱਥੇ ਜ਼ਰੂਰੀ ਅਤੇ ਢੁਕਵਾਂ ਹੋਵੇ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਵਿਆਖਿਆ ਸੇਵਾ ਦੀ ਪ੍ਰਭਾਵਸ਼ੀਲਤਾ ਬਾਰੇ ਫੀਡਬੈਕ ਜਾਤੀ ਦੀ ਘੱਟ ਗਿਣਤੀ ਦੇ ਉਪਭੋਗਤਾਵਾਂ ਤੋਂ ਸਮੀਖਿਆ ਅਤੇ ਸੁਧਾਰ ਲਈ ਇਕੱਤਰ ਕੀਤਾ ਜਾਵੇਗਾ। |

## B. ਅਪੀਲ ਟ੍ਰਿਬਿਊਨਲ (ਭਵਨ)

| | |
|---|---|
| ਸੰਬੰਧਿਤ ਸੇਵਾਵਾਂ | ● ਅਪੀਲ ਟ੍ਰਿਬਿਊਨਲ (ਭਵਨ) (ATB) ਭਵਨ ਆਰਡੀਨੈਂਸ ਦੀ ਧਾਰਾ 48 ਦੇ ਅਧੀਨ ਗਠਿਤ ਕੀਤੀ ਗਈ ਹੈ, ਹਾਂਗਕਾਂਗ ਦੇ ਕਾਨੂੰਨਾਂ ਦੇ ਅਧਿਆਇ 123 ਦੇ ਉਦੇਸ਼ ਲਈ ਅਤੇ ਉਸ ਫੈਸਲੇ ਨਾਲ ਦੁਖੀ ਵਿਅਕਤੀ ਦੁਆਰਾ ਭਵਨ ਅਥਾਰਟੀ ਦੇ ਫੈਸਲੇ ਵਿਰੁੱਧ ਅਪੀਲ ਨਿਰਧਾਰਿਤ ਕਰਨ ਦੇ ਉਦੇਸ਼ ਲਈ। |
| ਮੌਜੂਦਾ ਉਪਾਅ | ● ATB ਬਾਰੇ ਜਾਣਕਾਰੀ ATB ਦੀ ਵੈਬਸਾਈਟ 'ਤੇ ਦੋ ਸਰਕਾਰੀ ਭਾਸ਼ਾਵਾਂ (ਭਾਵ ਚੀਨੀ ਅਤੇ ਅੰਗਰੇਜ਼ੀ) ਵਿੱਚ ਉਪਲੱਬਧ ਹੈ। ਇਸ ਤੋਂ ਇਲਾਵਾ, ਆਮ ਲੋਕਾਂ ਨੂੰ ਵੰਡਣ ਲਈ ਦੋਵੇਂ ਸਰਕਾਰੀ ਭਾਸ਼ਾਵਾਂ ਵਿੱਚ ਜਾਣਕਾਰੀ ਦੇ ਪਰਚੇ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ।<br>● ਜਿੱਥੇ ਢੁਕਵਾਂ ਹੋਵੇ, ATB ਸੁਣਵਾਈਆਂ ਲਈ ਵਿਆਖਿਆ ਸੇਵਾ ਦਾ ਪ੍ਰਬੰਧ ਕਰੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ● ATB ਜਾਤੀ ਦੀ ਘੱਟ ਗਿਣਤੀ ਵਾਲਿਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਦੇ ਮੱਦੇਨਜ਼ਰ ਸਾਡੀਆਂ ਸੇਵਾਵਾਂ ਦੀ ਸਮੇਂ-ਸਮੇਂ 'ਤੇ ਮੁਲਾਂਕਣ ਕਰੇਗੀ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | ● ATB ਦੇ ਸਟਾਫ ਮੈਂਬਰਾਂ ਨੂੰ ਜਾਤੀ ਦੀ ਸੰਵੇਦਨਸ਼ੀਲਤਾ ਅਤੇ ਜਾਤੀ ਦੀ ਬਰਾਬਰੀ ਦੀ ਸਮਝ ਪ੍ਰਤੀ ਉਹਨਾਂ ਦੀ ਜਾਗਰੂਕਤਾ ਵਧਾਉਣ ਲਈ ਢੁਕਵੀਂ ਸਿਖਲਾਈ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ ਜਾਵੇਗਾ।<br>● ATB ਜਾਤੀ ਦੀ ਘੱਟ ਗਿਣਤੀ ਵਾਲਿਆਂ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖੇਗੀ ਅਤੇ ਜ਼ਰੂਰੀ ਉਪਾਅ ਕਰੇਗੀ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਾਰੀਆਂ ਸੇਵਾਵਾਂ ਲੋਕਾਂ ਨੂੰ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਬਰਾਬਰ ਮੁਹੱਈਆ ਕਰਵਾਈਆਂ ਜਾਣ। |

## C. ਸਟਾਫ ਲਈ ਟ੍ਰੇਨਿੰ

| | |
|---|---|
| ਸੰਬੰਧਿਤ ਸੇਵਾਵਾਂ | ● ਨਸਲੀ ਸੰਵੇਦਨਸ਼ੀਲਤਾ ਅਤੇ ਜਾਤੀ ਵਿਤਕਰੇ ਸੰਬੰਧੀ ਆਰਡੀਨੈਂਸ ਦੀ ਸਮਝ ਪ੍ਰਤੀ ਫਰੰਟਲਾਈਨ ਸਟਾਫ ਦੀ ਜਾਗਰੂਕਤਾ ਨੂੰ ਵਧਾਉਣਾ। |

| | |
|---|---|
| ਮੌਜੂਦਾ ਉਪਾਅ | ● DEVB(PLB) ਫਰੰਟਲਾਈਨ ਸਟਾਫ ਲਈ ਸਿਖਲਾਈ ਮੁਹੱਈਆ ਕਰਾਉਣ ਲਈ ਸਮਾਨ ਮੌਕੇ ਦੀ ਕਮਿਸ਼ਨ, ਸੰਵਿਧਾਨਕ ਅਤੇ ਮੇਨਲੈਂਡ ਮਾਮਲਾ ਬਿਊਰੋ, ਸਿਵਲ ਸੇਵਾ ਟ੍ਰੇਨਿੰਗ ਅਤੇ ਵਿਕਾਸ ਸੰਸਥਾ ਜਾਂ ਸੰਬੰਧਿਤ ਗੈਰ-ਸਰਕਾਰੀ ਸੰਗਠਨਾਂ ਨਾਲ ਕੰਮ ਕਰਨਾ ਜਾਰੀ ਰੱਖੇਗੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ● ਸਰਕੂਲੇਸ਼ਨ ਸਾਮਾਨ ਦੀ ਸਮੱਗਰੀ ਨੂੰ ਭਰਪੂਰ ਬਣਾਉਣ ਦੇ ਨਜ਼ਰੀਏ ਨਾਲ ਸਟਾਫ ਦਾ ਫੀਡਬੈਕ ਪ੍ਰਾਪਤ ਕੀਤਾ ਜਾਵੇਗਾ। |

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਆਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਦੁਆਰਾ ਸੀਨੀਅਰ ਕਾਰਜਕਾਰੀ ਦਫਤਰ (ਪ੍ਰਸ਼ਾਸਨ) ਨਾਲ ਸੰਪਰਕ ਕਰੋ -


| | | |
|---|---|---|
| ਅਧਿਕਾਰੀ | : | Ms Aileen CHAN |
| ਟੈਲੀਫੋਨ.ਨੰ | : | 3509 7812 |
| ਫੈਕਸ.ਨੰ | : | 2509 9988 |
| ਡਾਕ ਪਤਾ | : | 18/F, West Wing, Central Government Offices,<br>2 Tim Mei Avenue,<br>Tamar, Hong Kong |


**ਯੋਜਨਾ ਅਤੇ ਭੂਮੀ ਸ਼ਾਖਾ**
**ਵਿਕਾਸ ਬਿਊਰੋ**

**ਜੂਨ 2025**